22 ਨਵੰਬਰ, 2023

# ਟੋਇੰਗ ਅਤੇ ਸਟੋਰੇਜ ਇੰਡਸਟਰੀ ਵਿੱਚ ਓਨਟੈਰੀਓ ਪ੍ਰੋਵਿੰਸ਼ੀਅਲ ਦੇ ਨਵੇਂ ਬਦਲਾਅ

ਬ੍ਰੈਂਪਟਨ, ਓਨਟੈਰੀਓ – 1 ਜਨਵਰੀ, 2024 ਤੋਂ, ਸਿਟੀ ਆਫ ਬ੍ਰੈਂਪਟਨ, ਬ੍ਰੈਂਪਟਨ ਵਿੱਚ ਟੋਇੰਗ ਅਤੇ ਸਟੋਰੇਜ ਇੰਡਸਟਰੀ ਦੀ ਨਿਗਰਾਨੀ ਨਹੀਂ ਕਰੇਗੀ। ਮਿਨਿਸਟਰੀ ਆਫ ਟ੍ਰਾਂਸਪੋਰਟੇਸ਼ਨ (ਐਮ.ਟੀ.ਓ.) (Ministry of Transportation) (MTO) ਇਹ ਭੂਮਿਕਾ ਨਿਭਾਵੇਗਾ ਅਤੇ ਪੂਰੇ ਸੂਬੇ ਵਿੱਚ, ਨਵਾਂ ਮਿਨਿਸਟਰੀ ਆਫ ਟ੍ਰਾਂਸਪੋਰਟੇਸ਼ਨ (ਐਮ.ਟੀ.ਓ.) ਟੋਇੰਗ ਅਤੇ ਸਟੋਰੇਜ ਸੇਫਟੀ ਐਨਫੋਰਸਮੈਂਟ ਐਕਟ (ਟੀ.ਐਸ.ਐਸ.ਈ.ਏ.) (Towing and Storage Safety Enforcement Act) (TSSEA) ਲਾਗੂ ਕਰੇਗਾ।

ਟੀ.ਐਸ.ਐਸ.ਈ.ਏ. (TSSEA) ਨੇ ਪੂਰਵ ਮਿਊਨਿਸਿਪਲ ਨਿਗਰਾਨੀ ਨੂੰ ਬਦਲਦੇ ਹੋਏ, ਟੋਇੰਗ ਅਤੇ ਵਾਹਨ ਸਟੋਰੇਜ ਸੈਕਟਰ ਲਈ ਪ੍ਰੋਵਿੰਸ਼ੀਅਲ ਫ੍ਰੇਮਵਰਕ ਸਥਾਪਤ ਕੀਤਾ ਹੈ।

**1 ਜਨਵਰੀ, 2024 ਤੋਂ ਲਾਗੂ**

- ਓਪਰੇਟਰ ਅਤੇ ਟੋ ਟਰੱਕ ਡ੍ਰਾਈਵਰਾਂ ਨੂੰ ਸਿਰਫ ਪ੍ਰੋਵਿੰਸ਼ੀਅਲ ਗਵਰਨੈਂਸ ਦੀ ਪਾਲਣਾ ਕਰਨੀ ਪਵੇਗੀ।
- ਜਨਵਰੀ ਅਤੇ ਮਾਰਚ 2024 ਦੇ ਵਿਚਕਾਰ, ਟੋ ਟਰੱਕ ਅਤੇ ਸਟੋਰੇਜ ਦੀਆਂ ਉਲੰਘਣਾਵਾਂ ਸਬੰਧੀ ਸ਼ਿਕਾਇਤਾਂ ਓਨਟੈਰੀਓ ਸੂਬੇ ਕੋਲ, towing@ontario.ca ਤੇ ਈਮੇਲ ਭੇਜ ਕੇ ਜਮ੍ਹਾਂ ਕੀਤੀਆਂ ਜਾਣੀਆਂ ਲਾਜ਼ਮੀ ਹਨ।

**ਕੀ ਬਦਲ ਰਿਹਾ ਹੈ**

**1 ਜਨਵਰੀ, 2024:** ਨਵੀਆਂ ਪ੍ਰੋਵਿੰਸ਼ੀਅਲ ਟੀ.ਐਸ.ਐਸ.ਈ.ਏ. ਸ਼ਰਤਾਂ ਵਿੱਚ ਸ਼ਾਮਲ ਹਨ, ਗਾਹਕ ਸੁਰੱਖਿਆ ਅਤੇ ਇੰਡਸਟਰੀ ਨੂੰ ਪੇਸ਼ੇਵਰ ਬਣਾਉਣ ਲਈ ਪ੍ਰੈਕਟਿਸ ਸਟੈਂਡਰਡ। ਟੋ ਓਪਰੇਟਰਾਂ ਅਤੇ ਵਾਹਨ ਸਟੋਰੇਜ ਓਪਰੇਟਰਾਂ ਕੋਲ, ਸੰਚਾਲਨ ਲਈ ਪ੍ਰੋਵਿੰਸ਼ੀਅਲ ਸਰਟੀਫਿਕੇਟ ਹੋਣਾ ਲਾਜ਼ਮੀ ਹੈ, ਜਦੋਂ ਟੀ.ਐਸ.ਐਸ.ਈ.ਏ. ਐਨਫੋਰਸਮੈਂਟ ਸ਼ੁਰੂ ਹੋਵੇਗਾ।

**1 ਜੁਲਾਈ, 2024:** ਟੋ ਟਰੱਕ ਡ੍ਰਾਈਵਰਾਂ ਕੋਲ, ਟੋ ਟਰੱਕ ਡ੍ਰਾਈਵ ਕਰਨ ਲਈ ਪ੍ਰੋਵਿੰਸ਼ੀਅਲ ਸਰਟੀਫਿਕੇਟ ਹੋਣਾ ਲਾਜ਼ਮੀ ਹੈ।
ਟੀ.ਐਸ.ਐਸ.ਈ.ਏ. ਵਿੱਚ ਸ਼ਰਤ ਹੈ ਕਿ ਟੋ ਓਪਰੇਟਰਾਂ, ਟੋ ਟਰੱਕ ਡ੍ਰਾਈਵਰਾਂ ਅਤੇ ਵਾਹਨ ਸਟੋਰੇਜ ਓਪਰੇਟਰਾਂ ਕੋਲ, ਸੰਚਾਲਨ ਲਈ ਪ੍ਰੋਵਿੰਸ਼ੀਅਲ ਸਰਟੀਫਿਕੇਟ ਹੋਣਾ ਜ਼ਰੂਰੀ ਹੈ।

ਇੰਡਸਟਰੀ ਰਜਿਸਟਰੇਸ਼ਨ ਨੂੰ ਉਤਸ਼ਾਹਿਤ ਕਰਨ ਲਈ, ਸਾਰੇ ਸਰਟੀਫਿਕੇਟ ਪ੍ਰਕਾਰਾਂ ਲਈ, 1 ਜੁਲਾਈ, 2024 ਤੱਕ ਕੋਈ ਫੀਸ ਨਹੀਂ ਲਈ ਜਾਵੇਗੀ। ਜਲਦੀ ਅਪਲਾਈ ਕਰਨ ਵਾਲੇ ਟੋ ਡ੍ਰਾਈਵਰਾਂ ਕੋਲ, ਲੋੜੀਂਦੀ ਟ੍ਰੇਨਿੰਗ ਪੂਰੀ ਕਰਨ ਲਈ ਵਾਧੂ ਤਿੰਨ ਸਾਲ ਹੋਣਗੇ (ਸਰਟੀਫਿਕੇਟ ਨਵਿਆਉਣ ਲਈ ਟ੍ਰੇਨਿੰਗ ਪੂਰੀ ਕੀਤੀ ਜਾਣੀ ਲਾਜ਼ਮੀ ਹੈ, ਜੋ ਸਰਟੀਫਿਕੇਟਸ਼ਨ ਤੋਂ ਬਾਅਦ ਤਿੰਨ ਸਾਲਾਂ ਵਿੱਚ ਜ਼ਰੂਰੀ ਹੈ)।

ਜੁਲਾਈ 2024 ਤੋਂ ਪ੍ਰਭਾਵੀ, ਹੇਠਾਂ ਦਿੱਤੀਆਂ ਸਰਟੀਫਿਕੇਟ ਫੀਸਾਂ ਲਾਗੂ ਹੋਣਗੀਆਂ:

- ਟੋ ਓਪਰੇਟਰ ਸਰਟੀਫਿਕੇਟ ਲਈ ਪ੍ਰਤੀ ਸਾਲ 575 ਡਾਲਰ
- ਟੋ ਟਰੱਕ ਡ੍ਰਾਈਵਰ ਸਰਟੀਫਿਕੇਟ ਲਈ ਹਰੇਕ ਤਿੰਨ ਸਾਲਾਂ ਵਿੱਚ 195 ਡਾਲਰ ਅਤੇ
- ਵਾਹਨ ਸਟੋਰੇਜ ਓਪਰੇਟਰ ਸਰਟੀਫਿਕੇਟ ਲਈ ਪ੍ਰਤੀ ਸਾਲ 575 ਡਾਲਰ।

ਅੱਪਡੇਟ ਕੀਤੀ ਸ਼ਿਕਾਇਤ ਪ੍ਰਕਿਰਿਆ ਬਾਰੇ, ਸੂਬਾ ਮਾਰਚ ਵਿੱਚ ਹੋਰ ਵੇਰਵੇ ਪ੍ਰਦਾਨ ਕਰੇਗਾ। ਵਧੇਰੇ ਜਾਣਕਾਰੀ ਲਈ, www.ontario.ca ਤੇ ਜਾਓ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca